# ਸੋਲਿਸਟਰ ਦੀ ਵਰਤੋਂ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ

The Law Society

ਸਾਡੇ ਵਿਚੋਂ ਜ਼ਿਆਦਾਤਰ ਲੋਕਾਂ ਨੂੰ ਜ਼ਿੰਦਗੀ ਵਿਚ ਕਦੇ ਨਾ ਕਦੇ ਕਿਸੇ ਮਾਹਿਰ ਤੋਂ ਕਾਨੂੰਨੀ ਸਲਾਹ ਲੈਣ ਦੀ ਲੋੜ ਪੈਂਦੀ ਹੈ। ਸਭ ਤੋਂ ਵੱਧ ਪੈਦਾ ਹੋਣ ਵਾਲੇ ਮਸਲਿਆਂ ਦਾ ਸੰਬੰਧ ਘਰਾਂ, ਤਲਾਕ ਲੈਣ ਜਾਂ ਵਸੀਅਤ ਕਰਨ ਨਾਲ ਹੁੰਦਾ ਹੈ। ਪਰ ਜੇ ਤੁਸੀਂ ਆਪਣੇ ਸਾਥੀ ਜਾਂ ਸਾਥਣ ਨਾਲ ਮਿਲ ਕੇ ਘਰ ਵਸਾਉਣਾ ਹੈ, ਆਪਣਾ ਕਾਰੋਬਾਰ ਸ਼ੁਰੂ ਕਰਨਾ ਹੈ ਜਾਂ ਕਿਸੇ ਬਜ਼ੁਰਗ ਦੇ ਪੈਸਿਆਂ ਦਾ ਪ੍ਰਬੰਧ ਚਲਾਉਣਾ ਹੈ, ਤਦ ਵੀ ਤੁਹਾਨੂੰ ਮਦਦ ਲੈਣ ਦੀ ਲੋੜ ਪੈ ਸਕਦੀ ਹੈ।

ਕਾਨੂੰਨ ਗੁੰਝਲਦਾਰ ਹੋ ਸਕਦਾ ਹੈ, ਇਸ ਕਰਕੇ ਵੱਧ ਤੋਂ ਵੱਧ ਚੰਗੀ ਸਲਾਹ ਲੈਣਾ ਜ਼ਰੂਰੀ ਹੈ। ਸੋਲਿਸਟਰ ਕਾਨੂੰਨ ਅਤੇ ਕਾਨੂੰਨ ਦੇ ਤੁਹਾਡੇ 'ਤੇ ਪੈਣ ਵਾਲੇ ਅਸਰਾਂ ਦੇ ਖੇਤਰ ਦੇ ਮਾਹਿਰ ਹੁੰਦੇ ਹਨ। ਇਸ ਕਰਕੇ ਭਰੋਸੇਯੋਗ ਜਾਣਕਾਰੀ ਲੈਣ ਲਈ ਕਿਸੇ ਸੋਲਿਸਟਰ ਨਾਲ ਗੱਲ ਕਰੋ।

## ਸੋਲਿਸਟਰ ਦੀ ਚੋਣ ਕਰਨਾ

ਤੁਹਾਡੇ ਆਪਣੇ ਇਲਾਕੇ ਵਿਚ ਸੋਲਿਸਟਰ ਲੱਭਣਾ ਸੌਖਾ ਕੰਮ ਹੈ। ਤੁਸੀਂ ਨੰਬਰ 0870 606 2555 'ਤੇ ਫ਼ੋਨ ਕਰੋ, ਜਾਂ ਵੈੱਬਸਾਈਟ www.lawsociety.org.uk/findasolicitor 'ਤੇ ਜਾ ਕੇ ਸੋਲਿਸਟਰ ਲੱਭੋ, ਪਰ ਧਿਆਨ ਨਾਲ ਸੋਚੋ ਕਿ ਤੁਹਾਨੂੰ ਕਿਸ ਕਿਸਮ ਦੀ ਸੇਵਾ ਦੀ ਲੋੜ ਹੈ। ਜਿਹਨਾਂ ਗੱਲਾਂ ਬਾਰੇ ਵਿਚਾਰ ਕਰਨ ਦੀ ਤੁਹਾਨੂੰ ਲੋੜ ਹੈ, ਉਹਨਾਂ ਵਿਚੋਂ ਕੁਝ ਗੱਲਾਂ ਇਹ ਹਨ।

### ਮੈਨੂੰ ਕਿਸ ਕਿਸਮ ਦੀ ਕਾਨੂੰਨੀ ਮਦਦ ਦੀ ਲੋੜ ਹੈ?

ਸੋਲਿਸਟਰਾਂ ਦੀ ਕੋਈ ਵੀ ਫ਼ਰਮ ਅਨੇਕ ਕਿਸਮ ਦੇ ਕਾਨੂੰਨੀ ਮਸਲਿਆਂ ਬਾਰੇ ਸੇਵਾਵਾਂ ਦੇ ਸਕਦੀ ਹੈ, ਪਰ ਹੁਣ ਵੱਧ ਤੋਂ ਵੱਧ ਸੋਲਿਸਟਰ ਇਕ ਜਾਂ ਦੋ ਕੰਮਾਂ ਦੇ ਖ਼ਾਸ ਮਾਹਰ ਬਣਦੇ ਜਾ ਰਹੇ ਹਨ। ਸੋਲਿਸਟਰਾਂ ਦੀ ਜਿਸ ਫ਼ਰਮ ਤੋਂ ਤੁਸੀਂ ਆਮ ਤੌਰ 'ਤੇ ਕੰਮ ਲੈਂਦੇ ਹੋ ਜੇ ਉਹ ਤੁਹਾਡੀਆਂ ਸਭ ਲੋੜਾਂ ਪੂਰੀਆਂ ਨਾ ਕਰ ਸਕਣ, ਤਾਂ ਉਹ ਬੜੀ ਖ਼ੁਸ਼ੀ ਨਾਲ ਤੁਹਾਨੂੰ ਕਿਸੇ ਹੋਰ ਸੋਲਿਸਟਰ ਕੋਲ ਭੇਜ ਦੇਣਗੇ। ਜਾਂ, ਜੇ ਤੁਸੀਂ ਚਾਹੋ, ਤਾਂ ਉਹ ਕਿਸੇ ਮਾਹਰ ਕੋਲੋਂ ਤੁਹਾਡੇ ਲਈ ਸਲਾਹ ਲੈ ਲੈਣਗੇ।

### ਮੈਨੂੰ ਕਿਵੇਂ ਪਤਾ ਲੱਗੇ ਕਿ ਮੇਰੀ ਮਦਦ ਕਰਨ ਜੋਗੀ ਮਹਾਰਤ ਉਹਨਾਂ ਵਿਚ ਹੈ?

ਪ੍ਰਾਈਵੇਟ ਕੰਮ ਕਰਨ ਵਾਲੇ ਸਭ ਸੋਲਿਸਟਰਾਂ ਨੂੰ ਆਪਣੇ ਕੰਮ ਦਾ ਸਰਟੀਫ਼ਿਕੇਟ ਸੋਲਿਸਟਰਜ਼ ਰੈਗੂਲੇਸ਼ਨ ਅਥਾਰਿਟੀ ਤੋਂ ਲੈਣਾ ਪੈਂਦਾ ਹੈ, ਜੋ ਨਿਯਮ ਲਾਗੂ ਕਰਨ ਵਾਲੀ ਸੁਤੰਤਰ ਸੰਸਥਾ ਹੈ (ਜਿਹਦੀ ਸਥਾਪਨਾ ਲਾਅ ਸੁਆਇਟੀ ਨੇ ਕੀਤੀ ਹੈ), ਜੋ ਅਜਿਹੇ ਨਿਯਮ ਬਣਾਉਂਦੀ ਹੈ ਜਿਹਨਾਂ ਦਾ ਪਾਲਣ ਕਰਨਾ ਸਭ ਸੋਲਸਿਟਰਾਂ ਲਈ ਲਾਜ਼ਮੀ ਹੈ। ਇਹ ਇਸ ਗੱਲ ਦੀ ਗਾਰੰਟੀ ਹੁੰਦੀ ਹੈ ਕਿ ਸੋਲਿਸਟਰ ਵਿਚ ਆਪਣਾ ਕੰਮ ਕਰਨ ਦੀ ਯੋਗਤਾ ਹੈ ਅਤੇ ਜੇ ਤੁਹਾਡੇ ਨਾਲ ਕੋਈ ਗ਼ਲਤ ਗੱਲ ਹੋ ਜਾਏ ਤਾਂ ਇਹਦੇ ਲਈ ਉਹਨੇ ਤੁਹਾਡਾ ਬਚਾਓ ਕਰਨ ਲਈ ਇੰਸ਼ੋਅਰੈਂਸ ਕਰਵਾਈ ਹੋਈ ਹੈ। ਜੇ ਤੁਸੀਂ ਪੱਕਾ ਪਤਾ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਉਹ ਸਰਟੀਫ਼ਿਕੇਟ ਦੇਖਣ ਲਈ ਆਖੋ (ਜੋ ਤੁਹਾਡੇ ਸੋਲਿਸਟਰ ਦੇ ਦਫ਼ਤਰ ਵਿਚ ਲਾਇਆ ਹੋਣਾ ਚਾਹੀਦਾ ਹੈ) ਜਾਂ ਸੋਲਿਸਟਰਜ਼ ਰੈਗੂਲੇਸ਼ਨ ਅਥਾਰਿਟੀ ਨਾਲ ਫ਼ੋਨ ਨੰਬਰ 0870 606 2555 'ਤੇ ਗੱਲ ਕਰਕੇ ਪਤਾ ਕਰ ਲਓ।

ਤੁਸੀਂ ਆਪਣੇ ਸੋਲਿਸਟਰ ਨੂੰ ਵੀ ਪੁੱਛ ਸਕਦੇ ਹੋ ਕਿ ਕੀ ਉਹਦੀ ਫ਼ਰਮ ਨੂੰ ਕੋਈ ਕੁਆਲਿਟੀ ਅਵਾਰਡ (ਉੱਤਮਤਾ ਦੇ ਸਰਟੀਫ਼ਿਕੇਟ) ਮਿਲੇ ਹਨ ਜਿਹਤੋਂ ਪਤਾ ਲੱਗੇ ਕਿ ਉਹਨਾਂ ਨੇ ਕੰਮ ਦੇ ਚੰਗੇ ਮਿਆਰ ਲਾਗੂ ਕੀਤੇ ਹੋਏ ਹਨ। ਜੇ ਫ਼ਰਮ ਨੂੰ ਉੱਤਮ ਕੰਮ ਕਰਨ ਦਾ ਸਾਡਾ ਦਾ ਲੈਕਸੈਲ (Lexcel) ਅਵਾਰਡ ਮਿਲਿਆ ਹੈ, ਤਾਂ ਅਸੀਂ ਇਸ ਗੱਲ ਦੀ ਪੁਸ਼ਟੀ ਕਰਾਂਗੇ। (ਤੁਸੀਂ ਸਾਨੂੰ ਇਸ ਪਤੇ 'ਤੇ ਈਮੇਲ ਭੇਜ ਸਕਦੇ ਹੋ - lexcel@lawsociety.org.uk, ਜਾਂ ਨੰਬਰ 020 7320 5933 'ਤੇ ਫ਼ੋਨ ਕਰ ਸਕਦੇ ਹੋ।

ਕਈ ਸੋਲਿਸਟਰ ਨਿਜੀ ਤੌਰ 'ਤੇ ਵੀ ਕੁਆਲਿਟੀ ਅਸ਼ਿਉਰਡ ਅਕ੍ਰੈਡੀਟੇਸ਼ਨ ਸਕੀਮਾਂ (ਉੱਤਮਤਾ ਯਕੀਨੀ ਬਣਾਉਣ ਵਾਲੀਆਂ ਸਕੀਮਾਂ) ਦੇ ਮੈਂਬਰ ਹੋ ਸਕਦੇ ਹਨ ਜੋ ਸੋਲਿਸਟਰਜ਼ ਰੈਗੂਲੇਸ਼ਨ ਅਥਾਰਿਟੀ ਨੇ ਕਈ ਕਾਨੂੰਨੀ ਖੇਤਰਾਂ ਲਈ ਬਣਾਈਆਂ ਹਨ। ਇਹਨਾਂ ਸਕੀਮਾਂ ਵਿਚ ਸ਼ਾਮਿਲ ਹੋਣ ਦੇ ਯੋਗ ਹੋਣ ਲਈ ਕਿਸੇ ਸੋਲਿਸਟਰ ਲਈ ਇਹ ਸਾਬਤ ਕਰਨਾ ਜ਼ਰੂਰੀ ਹੈ ਕਿ ਉਹਨਾਂ ਕੋਲ ਮਾਹਰਾਂ ਵਾਲੀ ਕਾਫ਼ੀ ਜਾਣਕਾਰੀ ਅਤੇ ਯੋਗਤਾ ਹੈ। ਇਹਨਾਂ ਸਕੀਮਾਂ ਦੇ ਮੈਂਬਰਾਂ ਸੋਲਿਸਟਰਾਂ ਦੀ ਲਿਸਟ ਤੁਸੀਂ ਸਾਡੀ ਵੈੱਬਸਾਈਟ www.lawsociety.org.uk ਦੇ ਹਿੱਸੇ Find a Solicitor ਵਿਚ ਪੜ੍ਹ ਸਕਦੇ ਹੋ।

### ਫ਼ਰਮ ਦੇ ਕੰਮ ਦੀ ਥਾਂ ਕਿੱਥੇ ਹੈ?

ਫ਼ਰਮ ਦੇ ਕੰਮ ਕਰਨ ਦੀ ਥਾਂ 'ਤੇ ਪਹੁੰਚ ਸਕਣ ਦੀ ਸੌਖ ਬਾਰੇ ਵੀ ਵਿਚਾਰ ਕਰਨਾ ਪੈਂਦਾ ਹੈ, ਖ਼ਾਸ ਤੌਰ 'ਤੇ ਬਜ਼ੁਰਗ, ਬੀਮਾਰ ਜਾਂ ਨਿਰਯੋਗਤਾਵਾਂ ਵਾਲੇ ਲੋਕਾਂ ਨੂੰ। ਕੀ ਤੁਸੀਂ ਅਜਿਹੀ ਫ਼ਰਮ ਤੋਂ ਕੰਮ ਲੈਣਾ ਚਾਹੋਗੇ ਜੋ ਤੁਹਾਡੇ ਘਰ ਦੇ ਵੱਧ ਨੇੜੇ ਹੈ? ਜੇ ਇਹ ਗੱਲ ਹੈ ਤੁਹਾਡੇ ਲਈ ਚੋਣ ਕਰਨ ਦੇ ਘੱਟ ਮੌਕੇ ਹੋਣਗੇ। ਕਈ ਸੋਲਿਸਟਰ ਬੜੀ ਖ਼ੁਸ਼ੀ ਨਾਲ ਤੁਹਾਨੂੰ ਘਰ ਆ ਕੇ ਮਿਲ ਸਕਦੇ ਹਨ, ਇਸ ਲਈ ਜੇ ਤੁਹਾਨੂੰ ਆਉਣ ਜਾਣ ਵਿਚ ਮੁਸ਼ਕਿਲ ਆਉਂਦੀ ਹੈ, ਤਾਂ ਇਹਦੇ ਬਾਰੇ ਉਹਨਾਂ ਨੂੰ ਪੁੱਛ ਲੈਣਾ ਚੰਗੀ ਗੱਲ ਹੈ।

### ਕੀ ਉਹ ਲੀਗਲ ਏਡ ਵਾਲਾ ਕੰਮ ਵੀ ਕਰਦੇ ਹਨ?

ਜੇ ਤੁਹਾਡੀ ਆਮਦਨ ਘੱਟ ਹੈ ਜਾਂ ਤੁਹਾਨੂੰ ਬੈਨੀਫ਼ਿਟ ਮਿਲਦੇ ਹਨ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਲੀਗਡ ਏਡ (ਕਾਨੂੰਨੀ ਕੰਮ ਵਿਚ ਮਦਦ) ਲੈਣ ਦਾ ਹੱਕ ਵੀ ਹੋਵੇ। ਇਹਦੇ ਬਾਰੇ ਜਾਣਕਾਰੀ ਲੈਣ ਲਈ ਤੁਸੀਂ ਆਪਣੇ ਨੇੜੇ ਦੇ ਸਿਟੀਜ਼ਨਜ਼ ਐਡਵਾਈਸ ਬਿਊਰੋ ਜਾਂ ਲਾਅ ਸੈਂਟਰ ਨਾਲ ਗੱਲ ਕਰ ਸਕਦੇ ਹੋ। ਕਈ ਫ਼ਰਮਾਂ ਲੀਗਲ ਏਡ ਵਾਲਾ ਕੰਮ ਕਰਦੀਆਂ ਅਤੇ ਕਈ ਨਹੀਂ ਕਰਦੀਆਂ। ਜੇ ਤੁਹਾਨੂੰ ਇਸ ਕਿਸਮ ਦੀ ਮਾਲੀ ਮਦਦ ਲੈਣ ਦਾ ਹੱਕ ਹੈ, ਤਾਂ ਤੁਹਾਨੂੰ ਉਹਨਾਂ ਥੋੜੀਆਂ ਜਿਹੀਆਂ ਫ਼ਰਮਾਂ ਵਿਚੋਂ ਚੋਣ ਕਰਨੀ ਪਏਗੀ ਜੋ ਇਹ ਕੰਮ ਕਰਦੀਆਂ ਹਨ। ਲੀਗਲ ਏਡ ਵਾਲਾ ਕੰਮ ਕਰਨ ਵਾਲੇ ਸੋਲਿਸਟਰਾਂ ਦੀ ਲਿਸਟ ਤੁਹਾਨੂੰ ਕਮਿਊਨਿਟੀ ਲੀਗਲ ਸਰਵਿਸ ਦੀ ਇਸ ਵੈੱਬਸਾਈਟ ਤੋਂ ਮਿਲ ਸਕਦੀ ਹੈ - www.clsdirect.org.uk

ਲੀਗਲ ਏਡ ਦਾ ਪ੍ਰਬੰਧ ਲੀਗਲ ਸਰਵਿਸਿਜ਼ ਕਮਿਸ਼ਨ ਚਲਾਉਂਦਾ ਹੈ, ਜੋ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਦਾ ਹੈ ਕਿ ਲੀਗਲ ਏਡ ਦੇਣ ਵਾਲੀਆਂ ਸੋਲਿਸਟਰਾਂ ਦੀਆਂ ਫ਼ਰਮਾਂ ਕੰਮ ਦੇ ਉੱਚੇ ਮਿਆਰਾਂ ਦਾ ਪਾਲਣ ਕਰਨ।

### ਕੀ ਉਹ ਸ਼ਰਤੀ ਫ਼ੀਸ (ਕੰਡੀਸ਼ਨਲ ਫ਼ੀ) ਦੇ ਢੰਗ ਨਾਲ ਵੀ ਕੰਮ ਕਰਦੇ ਹਨ?

ਕੁਝ ਕਿਸਮਾਂ ਦੇ ਕੇਸਾਂ ਲਈ, ਜਿਹਨਾਂ ਵਿਚ ਨਿਜੀ ਸੱਟ ਚੋਟ ਦੇ ਕੇਸ ਵੀ ਸ਼ਾਮਿਲ ਹਨ, ਤੁਹਾਡਾ ਸੋਲਿਸਟਰ ਸ਼ਰਤੀ ਫ਼ੀਸ ਦੇ ਢੰਗ ਨਾਲ ਕੰਮ ਕਰ ਸਕਦਾ ਹੈ। ਇਹਨੂੰ ਆਮ ਤੌਰ 'ਤੇ 'ਜਿੱਤ ਨਹੀਂ ਤਾਂ ਫ਼ੀਸ ਨਹੀਂ' ਵਾਲਾ ਢੰਗ ਆਖਿਆ ਜਾਂਦਾ ਹੈ। ਜੇ ਤੁਸੀਂ ਕੇਸ ਜਿੱਤ ਜਾਓ, ਤਾਂ ਤੁਹਾਡੇ ਸੋਲਿਸਟਰ ਦੀ ਫ਼ੀਸ ਦਾ ਜ਼ਿਆਦਾ ਹਿੱਸਾ ਆਮ ਤੌਰ 'ਤੇ ਦੂਸਰੀ ਧਿਰ ਦਿੰਦੀ ਹੈ, ਜੇ ਤੁਸੀਂ ਹਾਰ ਜਾਓ, ਤਾਂ ਤੁਹਾਨੂੰ ਆਪਣੇ ਸੋਲਿਸਟਰ ਦੀ ਫ਼ੀਸ ਨਹੀਂ ਦੇਣੀ ਪੈਂਦੀ। ਤੁਹਾਨੂੰ ਆਖਿਆ ਜਾ ਸਕਦਾ ਹੈ ਕਿ ਹਾਰਨ ਦੀ ਹਾਲਤ ਵਿਚ ਦੂਸਰੀ ਧਿਰ ਦਾ ਖ਼ਰਚ ਦੇਣ ਲਈ ਤੁਸੀਂ ਇਨਸ਼ੋਅਰੈਂਸ ਕਰਵਾ ਲਓ। ਸ਼ਰਤੀ ਫ਼ੀਸ ਕਈ ਕਿਸਮ ਦੀ ਹੁੰਦੀ ਹੈ, ਪਰ ਸੋਲਿਸਟਰਾਂ ਦੀਆਂ ਸਭ ਫ਼ਰਮਾਂ ਇਸ ਢੰਗ ਨਾਲ ਕੰਮ ਕਰਨ ਵਾਲੇ ਕੇਸ ਨਹੀਂ ਲੈਂਦੀਆਂ।

### ਕੀ ਉਹ ਹਮਦਰਦੀ ਨਾਲ ਕੰਮ ਕਰਨਗੇ?

ਜੇ ਤੁਹਾਨੂੰ ਕਿਸੇ ਨਿਜੀ ਮਸਲੇ ਬਾਰੇ ਸੋਲਿਸਟਰ ਨੂੰ ਮਿਲਣ ਦੀ ਲੋੜ ਹੈ, ਜਿਵੇਂ ਕਿ ਸੰਬੰਧ ਟੁੱਟਣਾ, ਤਾਂ ਤੁਸੀਂ ਕਿਸੇ ਅਜਿਹੇ ਸੋਲਿਸਟਰ ਦੀ ਚੋਣ ਕਰੋ ਜਿਹਦੇ ਨਾਲ ਤੁਸੀਂ ਆਰਾਮ ਮਹਸੂਸ ਕਰ ਸਕੋ। ਜੇ ਤੁਸੀਂ ਦੁਖੀ ਹੋ, ਤਾਂ ਜ਼ਿਆਦਾਤਰ ਸੋਲਿਸਟਰ ਤੁਹਾਡੇ ਨਾਲ ਹਮਦਰਦੀ ਅਤੇ ਸੂਝ ਬੂਝ ਨਾਲ ਪੇਸ਼ ਆਉਣਗੇ, ਪਰ ਹੋ ਸਕਦਾ ਹੈ ਕਿ ਜੇ ਤੁਸੀਂ ਮਰਦ ਹੋ ਤਾਂ ਮਰਦ ਸੋਲਿਸਟਰ ਨਾਲ ਜੇ ਤੁਸੀਂ ਔਰਤ ਹੋ ਤਾਂ ਔਰਤ ਸੋਲਿਸਟਰ ਨਾਲ ਗੱਲ ਕਰਨਾ ਜ਼ਿਆਦਾ ਪਸੰਦ ਕਰੋ। ਜੇ ਤੁਸੀਂ ਇਹ ਚਾਹੁੰਦੇ ਹੋ, ਤਾਂ ਤੁਸੀਂ ਇਹ ਗੱਲ ਬਿਨਾਂ ਝਿਜਕ ਕਹਿ ਦਿਓ।

### ਕੀ ਉਹ ਮੇਰੀ ਭਾਸ਼ਾ ਬੋਲ ਸਕਦੇ ਹਨ?

ਜੇ ਅੰਗਰੇਜ਼ੀ ਤੁਹਾਡੀ ਪਹਿਲੀ ਭਾਸ਼ਾ ਨਹੀਂ, ਤਾਂ ਤੁਸੀਂ ਸੋਲਿਸਟਰ ਲੱਭਣ ਵੇਲੇ ਇਹ ਗੱਲ ਦੱਸ ਦਿਓ। ਜੇ ਕਾਫ਼ੀ ਸਮਾਂ ਪਹਿਲਾਂ ਤੁਸੀਂ ਉਹਨਾਂ ਨੂੰ ਦੱਸ ਦਿਓ ਤਾਂ ਫ਼ਰਮ ਮੀਟਿੰਗ ਵੇਲੇ ਕਿਸੇ ਇੰਟਰਪ੍ਰੇਟਰ ਦਾ ਪ੍ਰਬੰਧ ਕਰ ਸਕਦੀ ਹੈ।

## ਅਪੁਆਇੰਟਮੈਂਟ ਬਣਾਉਣਾ

ਜੇ ਤੁਹਾਨੂੰ ਸਹੀ ਕਿਸਮ ਦੀ ਫ਼ਰਮ ਮਿਲ ਗਈ ਹੈ, ਤਾਂ ਤੁਹਾਨੂੰ ਉਹਨਾਂ ਨਾਲ ਮਿਲਣ ਲਈ ਅਪੁਆਇੰਟਮੈਂਟ ਬਣਾਉਣੀ ਪਏਗੀ। ਜੇ ਤੁਸੀਂ ਮੀਟਿੰਗ ਵੇਲੇ ਆਪਣੇ ਨਾਲ ਕਿਸੇ ਨੂੰ ਲਿਆਉਣਾ ਚਾਹੁੰਦੇ ਹੋ ਤਾਂ ਉਹਨਾਂ ਨੂੰ ਦੱਸ ਦਿਓ, ਅਤੇ ਇਹ ਵੀ ਪੁੱਛੋ ਕਿ ਕੀ ਕੋਈ ਕਾਗਜ਼ਾਤ ਵਗ਼ੈਰਾ ਨਾਲ ਲਿਆਉਣ ਦੀ ਲੋੜ ਹੈ, ਜਿਵੇਂ ਪਛਾਣ ਜਾਂ ਆਮਦਨ ਦਾ ਸਬੂਤ।

## ਤਿਆਰੀ ਕਰਕੇ ਜਾਓ

ਮੀਟਿੰਗ ਤੋਂ ਪਹਿਲਾਂ ਤੁਸੀਂ ਜਿੰਨੀ ਜ਼ਿਆਦਾ ਤਿਆਰੀ ਕਰ ਲਓਗੇ, ਮੀਟਿੰਗ ਦਾ ਤੁਹਾਨੂੰ ਉਂਨਾ ਹੀ ਜ਼ਿਆਦਾ ਫ਼ਾਇਦਾ ਹੋਏਗਾ। ਜਿਹੜੀਆਂ ਮੁੱਖ ਗੱਲਾਂ ਤੁਸੀਂ ਦੱਸਣੀਆਂ ਹਨ ਜਾਂ ਜਿਹੜੇ ਸਵਾਲ ਤੁਸੀਂ ਪੁੱਛਣੇ ਹਨ ਉਹਨਾਂ ਦੀ ਲਿਸਟ ਬਣਾ ਲਓ। ਸਾਰੇ ਸੰਬੰਧਤ ਕਾਗਜ਼ਾਤ ਇਕੱਠੇ ਕਰਕੇ ਕਿਸੇ ਤਰਤੀਬ ਵਿਚ ਰੱਖ ਲਓ, ਤਾਕਿ ਤੁਸੀਂ ਇਹਨਾਂ ਨੂੰ ਛੇਤੀ ਦੇਖ ਸਕੋ। ਇਹਦੇ ਨਾਲ ਤੁਹਾਡਾ ਸੋਲਿਸਟਰ ਤੁਹਾਡੇ ਹਾਲਾਤ ਨੂੰ ਜ਼ਿਆਦਾ ਚੰਗੀ ਅਤੇ ਸੌਖੀ ਤਰ੍ਹਾਂ ਸਮਝ ਕੇ ਤੁਹਾਨੂੰ ਸਹੀ ਸਲਾਹ ਦੇ ਸਕਦਾ ਹੈ।

## ਮੀਟਿੰਗ ਵੇਲੇ

ਪਤਾ ਕਰੋ ਕਿ ਮੀਟਿੰਗ ਕਿੰਨਾ ਸਮਾਂ ਚੱਲੇਗੀ ਜਾਂ ਇਹ ਨਾ ਹੋਵੇ ਕਿ ਤੁਹਾਨੂੰ ਇਕਦਮ ਇਹ ਪਤਾ ਹੀ ਨਾ ਲੱਗੇ ਕਿ ਤੁਹਾਡੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ "ਸਮਾਂ ਪੂਰਾ ਹੋ ਗਿਆ ਹੈ"। ਆਪਣੇ ਸਾਹਮਣੇ ਕਹਿਣ ਵਾਲੀਆਂ ਗੱਲਾਂ ਦੇ ਨੋਟ ਲਿਖ ਕੇ ਰੱਖ ਲਓ, ਅਤੇ ਜਿਹੜੀ ਜਿਹੜੀ ਗੱਲ ਹੁੰਦੀ ਜਾਏ ਉਹਦੇ 'ਤੇ ਸਹੀ ਦਾ ਨਿਸ਼ਾਨ ਲਾਉਂਦੇ ਜਾਓ, ਅਤੇ ਜੇ ਕਹੀ ਗਈ ਕੋਈ ਗੱਲ ਤੁਹਾਨੂੰ ਸਮਝ ਨਾ ਆਏ, ਤਾਂ ਬਿਨਾਂ ਝਿਜਕ ਇਹ ਫਿਰ ਪੁੱਛ ਲਓ।

# ਸੋਲਿਸਟਰ ਦੀ ਵਰਤੋਂ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ

The Law Society

ਅਖ਼ੀਰ ਵਿਚ, ਸੋਲਿਸਟਰ ਨੂੰ ਆਖੋ ਕਿ ਉਹ ਤੁਹਾਨੂੰ ਮੀਟਿੰਗ ਤੋਂ ਬਾਅਦ ਖ਼ਤ ਲਿਖ ਕੇ ਸੰਖੇਪ ਵਿਚ ਦੱਸੇ ਕਿ ਉਹਨੇ ਤੁਹਾਨੂੰ ਕੀ ਸਲਾਹ ਦਿੱਤੀ ਹੈ, ਅਤੇ ਹੇਠ ਲਿਖੀਆਂ ਗੱਲਾਂ ਦੀ ਪੁਸ਼ਟੀ ਕਰੇ।

- ਕੀ ਉਹਨੇ ਕੰਮ ਸੰਭਾਲ ਲਿਆ ਹੈ।
- ਫ਼ਰਮ ਵਿਚ ਕਿਸੇ ਅਜਿਹੇ ਵਿਅਕਤੀ ਦਾ ਨਾਂ ਜੋ ਤੁਹਾਡੇ ਕੇਸ ਨੂੰ ਆਮ ਦਿਨਾਂ ਵਿਚ ਸੰਭਾਲੇਗਾ/ਸੰਭਾਲੇਗੀ।
- ਤੁਹਾਡੇ ਕੇਸ ਨੂੰ ਪੂਰਾ ਕਰਨ ਲਈ ਫ਼ਰਮ ਨੂੰ ਕਿੰਨਾ ਸਮਾਂ ਲੱਗੇਗਾ।
- ਖ਼ਰਚ ਦਾ ਅੰਦਾਜ਼ਾ ਅਤੇ ਵੱਧ ਤੋਂ ਵੱਧ ਖ਼ਰਚ ਦੀ ਮੰਨੀ ਹੋਈ ਹੱਦ।
- ਕੋਈ ਹੋਰ ਜਾਣਕਾਰੀ ਜੋ ਤੁਸੀਂ ਮੰਗੀ ਹੈ।

## ਸੋਲਿਸਟਰ ਦੀ ਫ਼ੀਸ

ਹੋਰ ਚੀਜ਼ਾਂ ਵਾਂਗ, ਕਾਨੂੰਨੀ ਸਲਾਹ ਲੈਣ ਦੇ ਪੈਸੇ ਵੀ ਤੁਹਾਨੂੰ ਦੇਣੇ ਪੈਂਦੇ ਹਨ, ਪਰ ਇਹਦਾ ਲਾਭ ਬਹੁਤ ਜ਼ਿਆਦਾ ਹੋ ਸਕਦਾ ਹੈ। ਵੱਖ ਵੱਖ ਸੋਲਿਸਟਰਾਂ ਦੀ ਫ਼ੀਸ ਵੀ ਵੱਖ ਵੱਖ ਹੋ ਸਕਦੀ ਹੈ, ਅਤੇ ਇਹ ਕਿਸੇ ਸੋਲਿਸਟਰ ਦੀ ਜਾਣਕਾਰੀ ਅਤੇ ਤਜਰਬੇ ’ਤੇ ਅਤੇ ਇਸ ਗੱਲ ’ਤੇ ਨਿਰਭਰ ਹੋਏਗੀ ਕਿ ਕੰਮ ਕਿੰਨਾ ਕੁ ਗੁੰਝਲਦਾਰ ਹੈ।

ਫ਼ਰਮ ਦੀ ਚੋਣ ਕਰਨ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਤੁਸੀਂ ਕਈਆਂ ਤੋਂ ‘ਖ਼ਰਚ ਬਾਰੇ ਪਤਾ ਕਰ’ ਸਕਦੇ ਹੋ। ਇਹ ਫ਼ੈਸਲਾ ਕਰੋ ਕਿ ਤੁਸੀਂ ਕਿਸ ਕਿਸਮ ਦੇ ਸੋਲਿਸਟਰਾਂ ਨਾਲ ਗੱਲ ਕਰਕੇ ਉਹਨਾਂ ਦੀ ਫ਼ੀਸ ਬਾਰੇ ਪੁੱਛਣਾ ਚਾਹੁੰਦੇ ਹੋ। ਕਈ ਸੋਸਿਲਟਰ ਪਹਿਲੀ ਛੋਟੀ ਜਿਹੀ ਮੀਟਿੰਗ ਦੀ ਬਹੁਤ ਘੱਟ ਫ਼ੀਸ ਲੈਂਦੇ ਹਨ ਜਾਂ ਫ਼ੀਸ ਨਹੀਂ ਲੈਂਦੇ।। ਇਹ ਪਤਾ ਕਰਨਾ ਚੰਗੀ ਗੱਲ ਹੈ।

ਪਰ ਸਿਰਫ਼ ਫ਼ੀਸ ਬਾਰੇ ਹੀ ਵਿਚਾਰ ਨਹੀਂ ਕਰਨਾ ਚਾਹੀਦਾ। ਸਭ ਤੋਂ ਵੱਡੀ ਗੱਲ ਇਹ ਹੈ ਕਿ ਤੁਸੀਂ ਉਹ ਸੋਲਿਸਟਰ ਲੱਭਣ ਦੀ ਕੋਸ਼ਿਸ਼ ਕਰੋ ਜਿਹਦੇ ਨਾਲ ਤੁਸੀਂ ਆਰਾਮ ਨਾਲ ਗੱਲ ਕਰੋ ਅਤੇ ਜਿਹਦੀ ਸਲਾਹ ਤੁਹਾਨੂੰ ਸਮਝ ਆਉਂਦੀ ਹੋਵੇ।

**ਨਿਸ਼ਚਿਤ ਫ਼ੀਸ ਜਾਂ ਘੰਟਿਆਂ ਦੇ ਹਿਸਾਬ ਨਾਲ ਫ਼ੀਸ?**

ਸੋਲਿਸਟਰ ਕਿਸੇ ਕੰਮ ਦੀ ਸਦਾ ਹੀ ਕੋਈ ਨਿਸ਼ਚਿਤ ਫ਼ੀਸ ਨਹੀਂ ਲੈਂਦੇ। ਫ਼ੀਸ ਦੇ ਬਿਲ ਦਾ ਹਿਸਾਬ ਅਕਸਰ ਘੰਟਿਆਂ ਦੇ ਹਿਸਾਬ ਨਾਲ ਲਾਇਆ ਜਾਂਦਾ ਹੈ, ਅਤੇ ਜਿੰਨਾ ਵੱਧ ਸਮਾਂ ਲੱਗਿਆ ਹੋਵੇ ਉਂਨੇ ਹੀ ਵੱਧ ਪੈਸੇ ਲਗਦੇ ਹਨ। ਸੋਲਿਸਟਰ ਲਈ ਜ਼ਰੂਰੀ ਹੈ ਕਿ ਉਹ ਸ਼ੁਰੂ ਵਿਚ, ਆਮ ਤੌਰ ’ਤੇ ਪਹਿਲੀ ਮੀਟਿੰਗ ਵੇਲੇ, ਹੀ ਖ਼ਰਚ ਦਾ ਅੰਦਾਜ਼ਾ ਦੱਸ ਦੇਵੇ।

ਜੇ ਘੰਟੇ ਦੇ ਹਿਸਾਬ ਨਾਲ ਫ਼ੀਸ ਦੱਸੀ ਜਾਏ, ਤਾਂ ਤੁਸੀਂ ਖ਼ਰਚ ਦੀ ਵੱਧ ਤੋਂ ਵੱਧ ਹੱਦ ਮਿੱਥ ਲਓ। ਜੇ ਖ਼ਰਚ ਇਹਤੋਂ ਵਧਦਾ ਜਾਪੇ, ਤਾਂ ਸੋਲਿਸਟਰ ਤੁਹਾਨੂੰ ਦੱਸੇਗਾ ਕਿ ਤੁਸੀਂ ਇਸ ਸਮਝੌਤੇ ਨੂੰ ਚਾਲੂ ਰੱਖਣ ਲਈ ਕੀ ਕੁਝ ਕਰੋ।

## ਰਾਬਤਾ ਰੱਖਣਾ

ਜੇ ਤੁਸੀਂ ਸੋਲਿਸਟਰ ਰੱਖ ਲਓ, ਤਾਂ ਉਹਦੇ ਲਈ ਜ਼ਰੂਰੀ ਹੋਏਗਾ ਕਿ ਹਰ ਅਹਿਮ ਪੜਾਅ ’ਤੇ ਉਹ ਤੁਹਾਡੇ ਨਾਲ ਸਲਾਹ ਕਰੇ ਕਿ ਤੁਸੀਂ ਕੰਮ ਨੂੰ ਕਿਸ ਢੰਗ ਨਾਲ ਅੱਗੇ ਵਧਾਉਣਾ ਚਾਹੁੰਦੇ ਹੋ। ਇਸੇ ਤਰ੍ਹਾਂ ਜੇ ਤੁਹਾਡੇ ਹਾਲਾਤ ਵਿਚ ਵੀ ਤਬਦੀਲੀਆਂ ਹੋ ਜਾਣ ਜਿਹਨਾਂ ਦਾ ਅਸਰ ਕੇਸ ’ਤੇ ਪੈਂਦਾ ਹੋਵੇ, ਤਾਂ ਤੁਹਾਡੇ ਲਈ ਵੀ ਜ਼ਰੂਰੀ ਹੈ ਕਿ ਤੁਸੀਂ ਸੋਲਿਸਟਰ ਨੂੰ ਦੱਸੋ। ਇਹਨਾਂ ਗੱਲਾਂ ਵਿਚ ਤੁਹਾਡੀ ਮਾਲੀ ਹਾਲਤ ਵਿਚ ਤਬਦੀਲੀਆਂ ਵੀ ਸ਼ਾਮਿਲ ਹਨ ਜਿਹਨਾਂ ਦਾ ਅਸਰ ਤੁਹਾਡੇ ਲੀਗਲ ਏਡ ਲੈਣ ਦੇ ਹੱਕ ’ਤੇ ਪੈ ਸਕਦਾ ਹੈ।

## ਵਧੇਰੇ ਜਾਣਕਾਰੀ

ਇਹ ਪਰਚਾ ਸੋਲਿਸਟਰਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਆਮ ਕਾਨੂੰਨੀ ਸੇਵਾਵਾਂ ਬਾਰੇ ਪਰਚਿਆਂ ਦੀ ਲੜੀ ਵਿਚੋਂ ਇਕ ਪਰਚਾ ਹੈ। ਇਸ ਲੜੀ ਦੇ ਹੋਰ ਪਰਚਿਆਂ ਦੀ ਲਿਸਟ ਹੇਠਾਂ ਦਿੱਤੀ ਗਈ ਹੈ। ਇਹ ਪਰਚੇ ਤੁਸੀਂ ਆਪਣੇ ਸੋਲਿਸਟਰ ਤੋਂ ਲੈ ਸਕਦੇ ਹੋ ਜਾਂ ਲਾਅ ਸੁਸਾਇਟੀ ਨੂੰ ਫ਼ੋਨ ਨੰਬਰ 0870 3333 084 ’ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।

- ਆਪਣਾ ਮਕਾਨ ਕਿਰਾਏ ’ਤੇ ਦੇਣ ਬਾਰੇ ਤੁਹਾਡੇ ਲਈ ਜਾਣਕਾਰੀ
- ਤੁਹਾਡਾ ਆਪਣਾ ਘਰ ਖ਼ਰੀਦਣ ਬਾਰੇ ਤੁਹਾਡੇ ਲਈ ਜਾਣਕਾਰੀ
- ਘਰ ਕਿਰਾਏ ’ਤੇ ਲੈਣ ਬਾਰੇ ਤੁਹਾਡੇ ਲਈ ਜਾਣਕਾਰੀ
- ਵਸੀਅਤ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ
- ਤਲਾਕ ਲੈਣ ਬਾਰੇ ਤੁਹਾਡੇ ਲਈ ਜਾਣਕਾਰੀ
- ਕੰਮ ’ਤੇ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਤੁਹਾਡੇ ਲਈ ਜਾਣਕਾਰੀ
- ਕਾਰੋਬਾਰ ਸ਼ੁਰੂ ਕਰਨ ਬਾਰੇ ਤੁਹਾਡੇ ਲਈ ਜਾਣਕਾਰੀ
- ਨਿਜੀ ਸੱਟ ਚੋਟ ਦਾ ਮੁਆਵਜ਼ਾ ਮੰਗਣ ਬਾਰੇ ਤੁਹਾਡੇ ਲਈ ਜਾਣਕਾਰੀ
- ਬਜ਼ੁਰਗ ਲੋਕਾਂ ਦੇ ਮਾਲੀ ਮਸਲਿਆਂ ਬਾਰੇ ਤੁਹਾਡੇ ਲਈ ਜਾਣਕਾਰੀ
- ਆਪਣੇ ਸਾਥੀ ਨਾਲ ਘਰ ਬਾਰ ਬਣਾਉਣ ਬਾਰੇ ਤੁਹਾਡੇ ਲਈ ਜਾਣਕਾਰੀ
- ਪ੍ਰੋਬੇਟ (ਵਸੀਅਤ ਦੀ ਸਰਕਾਰੀ ਤਸਦੀਕ) ਬਾਰੇ ਤੁਹਾਡੇ ਲਈ ਜਾਣਕਾਰੀ
- ਅਸਾਈਲਮ (ਪਨਾਹ) ਲਈ ਅਰਜ਼ੀ ਦੇਣ ਬਾਰੇ ਤੁਹਾਡੇ ਲਈ ਜਾਣਕਾਰੀ

**ਇਹ ਪਰਚਾ ਤੁਸੀਂ ਵੱਡੇ ਅੱਖਰਾਂ ਜਾਂ ਬ੍ਰੇਲ ਵਿਚ, ਸੁਣਨ ਵਾਲੀ ਟੇਪ ’ਤੇ ਅਤੇ ਸੀ ਡੀ ’ਤੇ ਵੀ ਮੰਗਵਾ ਸਕਦੇ ਹੋ। ਜੇ ਇਹ ਪਰਚਾ ਤੁਹਾਨੂੰ ਇਹਨਾਂ ਵਿਚੋਂ ਕਿਸੇ ਵੀ ਰੂਪ ਵਿਚ ਚਾਹੀਦਾ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਇਸ ਈਮੇਲ ਪਤੇ ’ਤੇ ਸੰਪਰਕ ਕਰੋ accessibility@lawsociety.org.uk ਜਾਂ ਸਾਨੂੰ ਨੰਬਰ 0870 606 2555 ’ਤੇ ਫ਼ੋਨ ਕਰੋ।**

**ਇਹ ਪਰਚਾ ਤੁਸੀਂ ਵੱਖ ਵੱਖ ਭਾਸ਼ਾਵਾਂ ਵਿਚ ਵੀ ਪੜ੍ਹ ਸਕਦੇ ਹੋ। ਇਹਦੇ ਲਈ ਤੁਸੀਂ ਸਾਡੀ ਇਸ ਵੈੱਬਸਾਈਟ ’ਤੇ ਜਾਓ - www.lawsociety.org.uk.**

Lexcel

Look for Lexcel - the mark of excellence




ਭਾਵੇਂ ਅਸੀਂ ਸਹੀ ਜਾਣਕਾਰੀ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਹੈ, ਪਰ ਕਾਨੂੰਨ ਸਦਾ ਬਦਲਦਾ ਰਹਿੰਦਾ ਹੈ, ਅਤੇ ਇਹਦਾ ਅਸਰ ਹਰ ਵਿਅਕਤੀ ’ਤੇ ਵੱਖ ਵੱਖ ਤਰ੍ਹਾਂ ਪੈਂਦਾ ਹੈ। ਇਹ ਪਰਚਾ ਤੁਹਾਡੇ ਬਾਰੇ ਖ਼ਾਸ ਨਿਜੀ ਸਲਾਹ ਦੀ ਥਾਂ ਨਹੀਂ ਲੈ ਸਕਦਾ, ਅਤੇ ਜੇ ਤੁਸੀਂ ਇਸ ਪਰਚੇ ’ਤੇ ਹੀ ਨਿਰਭਰ ਰਹੋ, ਤਾਂ ਅਸੀਂ ਤੁਹਾਡੇ ਲਈ ਜ਼ਿੰਮੇਦਾਰ ਨਹੀਂ ਹੋਵਾਂਗੇ।



Designed by dmlmarketing.co.uk Version 2, 2007 Your guide to using a solicitor - Punjabi